# ਕਰਾਮਾਤ ਵਿਚ ਘੋਰ ਮਨਮੱਤ (ਅਬੁਲ ਤਰਾਨੀ ਦਾ ਹਵਾਲਾ ਦੇਕੇ)

ਗੁਰਬਾਣੀ ਇਸ ਜਗ ਮਹਿ ਚਾਨਣ, ਸਿੱਖ ਧਰਮ ਦੀਆਂ ਸਿਰਮੌਰ ਸੰਸਥਾਂਵਾਂ ਸਮੇਤ ਕਲਗੀਧਰ ਟ੍ਰਸ਼ਟ ਬੜੂ ਸਾਹਿਬ ਦੀ ਪ੍ਰਚਾਰ ਪ੍ਰਣਾਲੀ ਜੋ ਵਾਹ ਵਾਹ ਖਟਣ ਦੇ ਮੰਤਵ ਨਾਲ ਘੋਰ ਮਨਮਤ ਦਾ ਪ੍ਰਚਾਰ ਕਰਕੇ ਸਿੱਖ ਕੌਮ ਨੂੰ ਗੁਮਰਾਹ ਅਤੇ ਵਿਆਗਤੀ-ਗਤ ਪੱਖ ਤੋਂ ਕਮਜੋਰ ਕਰ ਰਹੀਆਂ ਹਨ, ਇਨ੍ਹਾਂ ਨੂੰ ਕੋਈ ਸਚਿਆਰਾ ਮਨੁੱਖ ਪੁਛਣ ਵਾਲਾ ਨਹੀਂ? ਸਿੱਖ ਧਰਮ ਨੂੰ ਸਾੜਾ ਲਗਣ ਦਾ ਇਹੋ ਵੱਡਾ ਕਾਰਣ ਹੈ ਕਿ ਕੋਈ ਪ੍ਰਚਾਰਕ ਕੁਝ ਵੀ ਬੋਲ ਜਾਵੇ ਸੰਗਤ ਸਤਿ ਸਤਿ ਕਰਕੇ ਮੰਨ ਲੈਂਦੀਆਂ ਹਨ। ਖਾਲਸਾ ਪੰਥ ਦਾ 300 ਸਾਲਾ ਸਿਰਜਨਾ ਦਿਵਸ ਸਮੇਂ ਅਨੇਕ ਮਨਘੜਤ ਕਥਾਵਾਂ ਵਿਚੋਂ ਇਕ ਦਾ ਟੂਕ ਮਾਤਰ ਜਿਕਰ ਕਰਨਾ ਜਰੂਰੀ ਸਮਝਦਾ ਹਾਂ।

ਇਨ੍ਹਾਂ ਦੀ ਸੋਚ ਅਨੁਸਾਰ "ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਤਿਆਰ ਕੀਤਾ, ਦੀਵਾਨ ਵਿੱਚ ਹਾਜਰੀ ਪੈਂਤੀ ਚਾਲੀ ਹਜਾਰ ਸੀ। ਗੁਰੂ ਦਸ਼ਮ ਪਾਤਸ਼ਾਹ ਜੀ ਦਰਬਾਰ ਵਿੱਚ ਆਏ ਅਤੇ ਕ੍ਰਿਪਾਨ ਨੂੰ ਮਿਆਨ ਵਿੱਚੋਂ ਕਢ ਕੇ ਬਾ-ਅਵਾਜ਼ ਬੁਲੰਦ ਕਿਹਾ, ਮੈਨੂੰ ਇਕ ਸਿਰ ਦੀ ਲੋੜ ਹੈ। ਬਗੈਰ ਦੇਰੀ ਸੋਚ ਵਿਚਾਰ ਤੇ ਕਿਸੇ ਹੀਲ ਹੁੱਜਤ ਦਯਾ ਸਿੰਘ ਆ ਹਾਜਰ ਹੋਇਆ। ਗੁਰੂ ਜੀ ਨੇ ਭਰੇ ਦਰਬਾਰ ਵਿੱਚ ਜਿਥੇ ਉਹ ਖਲੋਤੇ ਸਨ, ਸਭਨਾਂ ਦੇ ਸਾਹਮਣੇ ਇਕ ਭਰਪੂਰ ਵਾਰ ਕੀਤਾ, ਅਤੇ ਸਿਰ ਧੜ ਨਾਲੋਂ ਜੁਦਾ ਹੋ ਗਿਆ। ਦਿਵਾਨ ਵਿੱਚ ਸਨਸਨੀ ਫੈਲ ਗਈ ਅਤੇ ਬਹੁਤ ਆਦਮੀ ਅਵਾਕ ਰਹਿ ਗਏ। ਗੁਰੂ ਜੀ ਨੇ ਫਿਰ ਗਰਜਵੀ ਤੇ ਕੜਕਵੀ ਆਵਾਜ਼ ਵਿੱਚ ਕਿਹਾ, ਮੈਨੂੰ ਇਕ ਹੋਰ ਸਿਰ ਦੀ ਲੋੜ ਹੈ॥ ਝਟ ਧਰਮ ਸਿੰਘ ਉਠਿਆ, ਜਾ ਗੁਰੂ ਜੀ ਨੂੰ ਨਮਸ਼ਕਾਰ ਕੀਤੀ। ਗੁਰੂ ਜੀ ਨੇ ਇਕੋ ਵਾਰ ਨਾਲ ਇਸ ਦਾ ਸਿਰ ਵੀ ਕਲਮ ਕਰ ਦਿੱਤਾ। ਦੀਵਾਨ ਵਿੱਚ ਖਲਬਲੀ ਮਚ ਗਈ, ਭਾਜੜਾਂ ਪੈ ਗਈਆਂ। ਗੁਰੂ ਜੀ ਨੇ ਫਿਰ ਬਾ-ਅਵਾਜ਼ ਬੁਲੰਦ ਇਕ ਹੋਰ ਲਲਕਾਰਾ ਮਾਰਿਆ, ਯਕੇ ਬਾਅਦ ਦੀਗਰੇ ਹਿੰਮਤ ਸਿੰਘ, ਮੁਹਕਮ ਸਿੰਘ ਅਤੇ ਸਾਹਿਬ ਸਿੰਘ ਹਾਜਰ ਹੋ ਗਏ, ਅਤੇ ਗੁਰੂ ਜੀ ਨੇ ਵੀ ਇਕ ਇਕ ਕਰਕੇ ਸਿਰ ਧੜ ਤੋਂ ਅੱਲਗ ਕੀਤੇ। ਕਈ ਆਦਮੀ ਗੁਰੂ ਜੀ ਦੀ ਮਾਤਾ ਕੋਲ ਗਏ ਅਤੇ ਸਾਰੀ ਵਿਥਿਆ ਕਹਿ ਸੁਣਾਈ।

ਗੁਰੂ ਜੀ ਨੇ ਉਨਾਂ ਦੇ ਸਰੀਰਾਂ ਅਤੇ ਕਪੜਿਆਂ ਨੂੰ ਚੰਗੀ ਤਰ੍ਹਾਂ ਧੋਤਾ, ਫਰਸ਼ ਵੀ ਸਾਫ ਕੀਤਾ ਅਤੇ ਖੂਨ ਦਾ ਕੋਈ ਦਾਗ਼ ਨਹੀਂ ਰਹਿਣ ਦਿੱਤਾ। ਫਿਰ ਗੁਰੂ ਜੀ ਨੇ ਇਕ ਦਾ ਸਿਰ ਦੂਸਰੇ ਧੜ ਨਾਲ, ਸਿਰ ਰਲਾ ਮਿਲਾ ਕੇ ਦੂਸਰੀਆਂ ਧੜਾਂ ਨਾਲ ਦੂਸਰੇ ਸਿਰ ਲਾ ਕੇ ਘੰਟੇ ਕੁ ਵਿੱਚ ਹੀ ਚੰਗੀ ਤਰ੍ਹਾਂ ਹਿਕਮਤੇ ਅਮਲੀ ਨਾਲ ਸੀ ਦਿੱਤੇ, ਅਤੇ ਉਨ੍ਹਾਂ ਪੰਜਾਂ ਲਾਸ਼ਾਂ ਉਤੇ ਚਿੱਟੇ ਕਪੜੇ ਪਾ ਦਿੱਤੇ। ਫਿਰ ਇਕ ਪੱਥਰ ਦਾ ਕੂੰਡਾ ਮੰਗਵਾਇਆ ਅਤੇ ਉਸ ਉਤੇ ਲੋਹੇ ਦੀ ਕੜਾਹੀ "ਜਿਸ ਨੂੰ ਕੁੰਦੇ ਲਗੇ ਹੋਏ ਸਨ" ਰੱਖ ਕੇ ਵਿੱਚ ਪਾਣੀ ਪਾ ਕੇ ਆਬੇਹਯਾਤ ਬਨਾਉਣ ਲੱਗ ਪਏ। ਗੁਰੂ ਜੀ ਕੜਾਹੀ ਵਿੱਚ ਆਪਣੀ ਤਲਵਾਰ ਫੇਰਦੇ ਅਤੇ ਕਲਮਾਂ ਪੜਦੇ ਸਨ। ਇਹ ਅਮਲ ਢੇੜ ਦੋ ਘੰਟੇ ਚਲਿਆ। ਇਸੇ ਦੌਰਾਣ ਗੁਰੂ ਸਾਹਿਬ ਦੀ ਮਾਤਾ ਜੀ ਨੇ ਕੁਝ (ਪਤਾਸੇ) ਲਿਆ ਕੇ ਕੜਾਹੀ ਵਿੱਚ ਪਾਇਆ। ਹੁਣ ਆਬੇਹਯਾਤ ਤਿਆਰ ਹੋ ਗਿਆ ਸੀ।

ਗੁਰੂ ਜੀ ਨੇ ਉਨ੍ਹਾਂ ਲਾਸ਼ਾਂ ਤੋਂ ਪੜਦਾ ਚੁਕਿਆ, ਪਹਿਲਾਂ ਦਯਾ ਸਿੰਘ ਦਾ ਮੂੰਹ ਖੋਲ੍ਹ ਕੇ ਆਬੇਹਯਾਤ ਉਸ ਦੇ ਮੂੰਹ ਵਿੱਚ ਪਾਇਆ, ਸਿਰ ਦੇ ਵਾਲਾਂ ਵਿੱਚ, ਫਿਰ ਸਾਰੇ ਸਰੀਰ ਤੇ ਆਬੇਹਯਾਤ ਛਿੜਕਿਆ ਅਤੇ ਆਖਿਆ, "ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ"। ਇਹ ਕਹਿੰਦੇ ਸਾਰ ਹੀ ਦਯਾ ਸਿੰਘ ਉਠ ਕੇ ਖਲੋ ਗਿਆ ਅਤੇ ਉਚੀ ਆਵਾਜ ਵਿਚ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੋਲਿਆ। ਭਰੇ ਦੀਵਾਨ ਵਿੱਚ ਸਕਤਾ ਦਾ ਆਲਮਤਾਰੀ ਹੋ ਗਿਆ। ਹਜਾਰਾਂ ਇਨਸਾਨਾਂ ਦੇ ਹੁੰਦਿਆਂ ਕੋਈ ਵੀ ਉਚਾ ਸਾਹ ਨਹੀਂ ਸੀ ਲੈ ਰਿਹਾ ਅਤੇ ਦੀਵਾਨ ਵਿੱਚ ਬੈਠੇ ਆਦਮੀ ਗੁਰੂ ਜੀ ਦੀ ਕਰਾਮਾਤ ਤੇ ਮੁਗਧ ਹੋਏ ਕਿਸੇ ਜਾਦੂ ਦੇ ਅਸਰ ਹੇਠ ਕੀਲੇ ਹੋਏ ਬੈਠੇ ਰਹੇ। ਇਸ ਤਰ੍ਹਾਂ ਯਕੇ ਬਾਅਦ ਦੀਗਰੇ ਉਨ੍ਹਾਂ ਬਾਕੀ ਦੇ ਚਹੁੰਆਂ ਨੂੰ ਵੀ ਆਬੇਹਯਾਤ ਪਿਲਾਕੇ ਉਸੇ ਤਰ੍ਹਾਂ ਵਾਲਾਂ ਅਤੇ ਸਰੀਰ ਉਤੇ ਆਬੇਹਯਾਤ ਛਿੜਕ ਕੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾ ਕੇ ਉਨ੍ਹਾਂ ਨੂੰ ਮੁੜ ਜਿੰਦਾ ਕਰ ਦਿੱਤਾ। ਗੁਰੂ ਜੀ ਉਨ੍ਹਾਂ ਨੂੰ ਤੰਬੂ ਦੇ ਅੰਦਰ ਲੈ ਗਏ। ਕੁਝ ਚਿਰ ਬਾਅਦ ਗੁਰੂ ਜੀ ਆਪ ਅਤੇ ਉਹ ਪੰਜੇ ਆਦਮੀ ਪਿਛੇ ਤੰਬੂ ਵਿਚੋਂ ਬਾਹਰ ਨਿਕਲ ਆਏ। ਹੁਣ ਉਨ੍ਹਾਂ ਸਫੈਦ ਬੇਦਾਗ ਲਿਬਾਸ ਪਾਏ ਹੋਏ ਸਨ। ਉਹ ਮੁੜ ਜਿੰਦਾ ਕੀਤੇ ਪੰਜੇ ਆਦਮੀ ਤੰਬੂ ਵਿਚੋਂ ਬਾਹਰ ਆ ਕੇ ਖਲੋ ਗਏ"

(ਹੁ-ਬਹੂ ਸਾਰਿਆਂ ਦੀ ਇਕੋ ਜੇਹੀ ਵਾਰਤਾ) **6 ਮਈ 2003** **ਨਵ ਯੁਗ ਚੇਤਨਾ ਸਮਾਜ**

# ਕਰਾਮਾਤ

ਵਜ਼ੀਰੇ ਆਜ਼ਮ ਮੁਨਇਮ ਖਾਂ ਜੋ ਮੁਗ਼ਲ ਹਾਕਮ ਬਹਾਦਰ ਸ਼ਾਹ ਦਾ ਵਿਸ਼ਵਾਸ ਪਾਤਰ ਸੀ, ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਰੂਹਾਨੀ ਵਿਚਾਰਾਂ ਤੋਂ ਬਹੁਤ ਪ੍ਰਭਾਵਤ ਹੋਇਆ। ਆਗਰੇ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਦਸ਼ਾਹ ਬਹਾਦਰ ਸ਼ਾਹ ਨਾਲ ਮਿਲਣੀ ਉਪਰੰਤ ਮੁਨਇਮ ਖਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣੇ ਘਰ ਆਉਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਵੀ ਵਜ਼ੀਰ ਮੁਨਇਮ ਖਾਂ ਦੇ ਪਿਆਰ ਭਾਵਨਾ ਨੂੰ ਦੇਖਦੇ ਹੋਏ ਵਜ਼ੀਰ ਮੁਨਇਮ ਖਾਂ ਦੇ ਘਰ ਚਲੇ ਗਏ। ਵਜ਼ੀਰ ਮੁਨਇਮ ਖਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਦਰ ਸਹਿਤ ਉਚੇ ਆਸਣ ਤੇ ਬਠਾਇਆ। ਕਿਰਪਾਨ ਪਹਿਨੇ ਸਾਵਧਾਨ ਹੋਕੇ ਬੈਠੇ ਗੁਰੂ ਪਾਤਸ਼ਾਹ ਦੇ ਇਲਾਹੀ ਨੂਰ ਦੇ ਦਰਸ਼ਨ ਕਰਕੇ ਵਜ਼ੀਰ ਮੁਨਇਮ ਖਾਂ ਬਹੁਤ ਪ੍ਰਸਨ ਹੋਇਆ। ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਲੀ ਸੰਗਤ ਵਿੱਚ ਹਿੰਦੂ ਮੁਸਲਿਮ ਆਦਿ ਹਰ ਧਰਮ ਦੇ ਲੋਕ ਸ਼ਾਮਲ ਸਨ ਜੋ ਪ੍ਰਸ਼ਨ ਪੁਛਕੇ ਆਪਣੇ ਸ਼ੰਕੇ ਨਵਿੱਰਤ ਕਰ ਰਹੇ ਸਨ। ਸੰਗਤ ਵਿੱਚ ਮੁੱਲਾਂ ਕਾਜ਼ੀ ਵੀ ਸ਼ਾਮਲ ਸਨ। ਕਈ ਮੁੱਲਾਂ ਕਾਜ਼ੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਦਰ ਸਨਮਾਨ ਨੂੰ ਪਸੰਦ ਨਹੀਂ ਸਨ ਕਰਦੇ। ਸਰਹੰਦ ਤੋਂ ਆਏ ਇਕ ਮੌਲਵੀ ਨੇ ਗੁਰੂ ਸਾਹਿਬ ਦੇ ਆਦਰ ਸਨਮਾਨ ਨੂੰ ਘਟਾਉਣ ਦੀ ਨੀਯਅਤ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਖਿਆ ਕਿ ਤੁਸੀਂ ਹਿੰਦੂਆਂ ਦੇ ਮੰਨੇ ਪ੍ਰਮੰਨੇ ਪੀਰ ਹੋ। ਹਰ ਪਾਸੇ ਤੁਹਾਡੀ ਸ਼ੋਭਾ ਹੈ। ਪਰ ਕਿਆ ਤੁਹਾਡੇ ਵਿੱਚ ਪੀਰਾਂ ਫਕੀਰਾਂ ਵਾਲੀ ਕੋਈ ਕਰਾਮਾਤ ਹੈ? ਗੁਰੂ ਸਾਹਿਬ ਪ੍ਰਸ਼ਨ ਕਰਤਾ ਦੇ ਇਰਾਦੇ ਨੂੰ ਭਾਂਪ ਗਏ। ਜੀਵਨ ਦੇ ਯਥਾਰਥ ਨੂੰ ਮੁੱਖ ਰੱਖ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਖਿਆ ਕਿ ਬਾਦਸ਼ਾਹੀ ਵੀ ਇਕ ਕਰਾਮਾਤ ਹੈ, ਜਿਸ ਦੀ ਸਹੀ (ਸਟੈਂਪ) ਪੈਣ ਨਾਲ ਕੋਈ ਰੰਕ ਤੋਂ ਰਾਜਾ ਅਤੇ ਰਾਜੇ ਤੋਂ ਰੰਕ ਬਣ ਸਕਦਾ ਹੈ। ਕਿਸੇ ਨੂੰ ਮਾਰਨਾ ਯਾ ਬਖਸ਼ ਦੇਣਾ ਬਾਦਸ਼ਾਹ ਦੇ ਅਖਤਿਆਰ ਵਿੱਚ ਹੈ ਜੋ ਕਰਾਮਾਤ ਤੋਂ ਘੱਟ ਨਹੀਂ। ਪਰ ਮੌਲਵੀ ਬੋਲਿਆ ਕਿ ਤੁਹਾਡੇ ਵਿੱਚ ਵੀ ਕੋਈ ਕਰਾਮਾਤ ਹੈ ਯਾ ਨਹੀਂ। ਗੁਰੂ ਸਾਹਿਬ ਨੇ ਹੁਜ਼ਤਬਾਜ਼ ਮੌਲਵੀ ਨੂੰ ਠਿੱਠ ਕਰਨ ਲਈ ਜੇਬ ਚੋਂ ਮੋਹਰ (ਅਸ਼ਰਫੀ) ਕਢਕੇ ਆਪਣੇ ਹੱਥ ਦੀ ਤਲੀ ਤੇ ਰਖੀਆਂ ਅਤੇ ਇਨਾਂ ਵੱਲ ਇਸ਼ਾਰਾ ਕਰਕੇ ਮੌਲਵੀ ਨੂੰ ਆਖਿਆ ਕਿ ਇਹ ਵੀ ਇਕ ਕਰਾਮਾਤ ਹੈ ਜਿਸ ਪਾਸ ਧਨ ਹੁੰਦਾ ਹੈ ਉਹ ਵੀ ਜੋ ਚਾਹੇ ਕਰ ਸਕਦਾ ਹੈ। ਹਜ਼ਾਰਾਂ ਲੋਕ ਧਨ ਦੀ ਖਾਤਰ ਲੜਦੇ ਮਾਰਦੇ ਹਨ। ਧਨ ਵੀ ਇਕ ਕਰਾਮਾਤ ਹੈ। ਧਨ ਦੇਕੇ ਕਿਸੇ ਵੀ ਲੋਭੀ ਬੰਦੇ ਤੋਂ ਕੋਈ ਵੀ ਕੰਮ ਕਰਵਾਇਆ ਜਾ ਸਕਦਾ ਹੈ।

ਗੁਰੂ ਸਾਹਿਬ ਦੀ ਇਸ ਵਿਚਾਰ ਨੂੰ ਸਮਝਣ ਦੀ ਬਜਾਏ ਮੌਲੱਵੀ ਨੇ ਖੁਣਸ ਵਿੱਚ ਆਪਣਾ ਹੱਠ ਨਹੀਂ ਛਡਿਆ, ਫਿਰ ਬੋਲਿਆ ਕਿ ਅਸੀਂ ਤਾਂ ਤੁਹਾਡੇ ਵਿਚ ਕਰਾਮਾਤ ਦੀ ਗਲ ਕਰਦੇ ਹਾਂ, ਜੇ ਤੁਹਾਡੇ ਵਿੱਚ ਕੋਈ ਕਰਾਮਾਤ ਹੈ ਤਾਂ ਦਿਖਾਓ। ਮੌਲਵੀ ਦੀ ਅੜੀਅਲ ਨੀਤੀ ਦੇਖ ਕੇ ਗੁਰੂ ਦਸ਼ਮ ਪਾਤਸ਼ਾਹ ਨੇ ਮਿਆਨ ਵਿਚੋਂ ਤਲਵਾਰ ਕਢਕੇ ਹਵਾ ਵਿਚ ਲਹਿਰਾਉਂਦੇ ਹੋਏ ਆਖਿਆ ਕਿ ਮੌਲਵੀ ਜੀ ਤੁਸੀਂ ਮੇਰੇ ਸਾਹਮਣੇ ਚੰਗੇ ਭਲੇ ਖੜੇ ਹੋ, ਹੁਣ ਇਸ ਦੀ ਕਰਾਮਾਤ ਨੇ ਤੁਹਾਡਾ ਸਿਰ ਧੜ ਤੋਂ ਅਲਗ ਕਰ ਦੇਣਾ ਹੈ, ਜਿਵੇਂ ਪੇੜ ਨਾਲੋਂ ਟਹਿਣੀ ਟੁੱਟ ਕੇ ਭੂੰਜੇ ਡਿਗ ਪੈਂਦੀ ਹੈ। ਗੁਰੂ ਪਾਤਸ਼ਾਹ ਦੇ ਇਹ ਬਚਨ ਸੁਣਕੇ ਮੌਲਵੀ ਦੇ ਹੋਸ਼ ਹਵਾਸ ਉੜ ਗਏ। ਕਰਾਮਾਤ ਦੀ ਸੱਚਾਈ ਸੁਣ ਕੇ ਮੌਲਵੀ ਨੇ ਆਪਣਾ ਸਿਰ ਨੀਵਾਂ ਕਰ ਲਿਆ, ਅਗੋਂ ਕੋਈ ਜਵਾਬ ਨਹੀਂ ਦੇ ਸਕਿਆ।

ਮੁਨਇਮ ਖਾਂ ਸਮੇਤ ਬਹਾਦਰ ਸ਼ਾਹ ਅਤੇ ਹੋਰ ਮੁੱਲਾਂ ਕਾਜੀਆਂ ਨੇ ਗੁਰੂ ਸਾਹਿਬ ਨਾਲ ਹੋਰ ਅਨੇਕ ਰੂਹਾਨੀ ਵਿਚਾਰਾਂ ਕੀਤੀਆਂ, ਪਰ ਸਾਰੇ ਧਰਮਾਂ ਦੀ ਜੁੜੀ ਹੋਈ ਸੰਗਤ, ਗੁਰੂ ਦਸ਼ਮ ਪਾਤਸ਼ਾਹ ਦੀਆਂ ਰੱਬੀ ਵਿਚਾਰਾਂ ਤੋਂ ਬਹੁਤ ਪ੍ਰਭਾਵਤ ਹੋਈ। ਪ੍ਰਸਨ ਹੋਏ ਮੁਨਇਮ ਖਾਂ ਨੇ ਗੁਰੂ ਦਸ਼ਮ ਪਾਤਸ਼ਾਹ ਨੂੰ ਬਹੁਤ ਅਦਬ ਸਤਿਕਾਰ ਨਾਲ ਵਿਦਾ ਕੀਤਾ ਸੀ। ਵਿਦਾਇਗੀ ਲੈ ਕੇ ਗੁਰੂ ਕਲਗੀਧਰ ਪਾਤਸ਼ਾਹ ਆਪਣੀ ਸਿੱਖ ਸੰਗਤ ਨਾਲ ਘੋੜਿਆਂ ਤੇ ਸਵਾਰ ਹੋਕੇ ਆਪਣੇ ਡੇਰੇ ਆਏ ਸਨ।

**ਨਵ ਯੁਗ ਚੇਤਨਾ ਸਮਾਜ**

**1718/4 Gobind Puri Extn, Kalka Ji, New Delhi - 110019**

ਮਨਮਤੀਆਂ ਨੂੰ ਲਿਖਿਆ ਗਿਆ ਸਾਂਝਾ ਪਤਰ,

ਸੇਵਾ ਵਿਖੇ

ਸ਼ਰਦਾ ਦੇ ਭੁਲੇਖੇ ਵਿੱਚ ਮਨਮੱਤ ਦਾ ਬੋਲਬਾਲਾ ਕਰਨ ਵਾਲੇ ਗੁਰੂ ਪਿਆਰਿਓ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ,

**ਪ੍ਰਚਾਰ ਪ੍ਰਣਾਲੀ ਦੇ ਸੁਧਾਰ ਸਬੰਧ ਵਿੱਚ ਸੁਝਾਅ ਪਤ੍ਰ,**

**ਗੁਰਮੱਤ ਪ੍ਰਚਾਰ ਦੇ ਆਸ਼ੇ ਨਾਲ ਛਪ ਰਹੀਆਂ ਅਨੇਕ ਪਤ੍ਰਕਾਵਾਂ ਅਤੇ ਸਟੇਜਾਂ ਰਾਹੀਂ ਮਨਮੱਤ ਦਾ ਬੋਲਬਾਲਾ ਸੁਣ ਕੇ ਬੜੀ ਹੈਰਾਨੀ ਅਤੇ ਦੁਖ ਹੁੰਦਾ ਹੈ। ਪ੍ਰਚਾਰਕ ਸ੍ਰੈਣੀ ਸ਼ਾਇਦ ਇਹ ਨਹੀਂ ਜਾਣਦੀ ਕਿ ਕਰਾਮਾਤ ਦੀਆਂ ਰਚਨਾਵਾਂ ਅਤੇ ਕਲਪਨਾ ਦੀ ਸਿੱਖ ਧਰਮ ਵਿਚ ਕੋਈ ਥਾਂ ਨਹੀਂ, ਜੋ ਸਿੱਖ ਨੂੰ ਅਧਿਆਤਮਿਕ ਤੇ ਵਿਆਕਤੀਗਤ ਤੌਰ ਤੋਂ ਕਮਜੋਰ ਕਰਦੀਆਂ ਹੋਣ। ਐਸੀਆਂ ਕਥਾਵਾਂ ਨੂੰ ਗੁਰੂ ਜੀਵਨ ਨਾਲ ਜੋੜਨਾ ਗੁਰੂਆਂ ਦੀਆਂ ਕਰਨੀਆਂ ਨੂੰ ਘਟਾਉਣ ਬਰਾਬਰ ਹੈ। ਕਿਉਕਿ ਹਜਾਰਾਂ ਸਾਲ ਪਹਿਲਾਂ ਦੇਸ਼ ਵਾਸੀਆਂ ਦੀ ਧਾਰਮਿਕ ਸਾਧਨਾ ਤੇ ਪੂਜਾ ਆਦ ਕਰਾਮਾਤੀ ਕਥਾ ਕਹਾਣੀਆਂ ਤੇ ਟਿਕੀ ਹੋਣ ਕਰਕੇ ਪ੍ਰਮਾਤਮਾ ਨੂੰ ਪੂਰੀ ਤਰਾਂ ਭੁਲ ਚੁਕੇ ਸਨ, ਜਿਸ ਦੇ ਨਤੀਜੇ ਵਜੋਂ ਦੇਸ਼ ਵਾਸੀ ਕਈ ਸਦੀਆਂ ਦਿਲ ਕੰਬਾਊ ਦੁਰਗਤੀ ਦਾ ਸ਼ਿਕਾਰ ਹੁੰਦੇ ਰਹੇ। ਪ੍ਰਉਪਕਾਰੀ ਗੁਰੂਆਂ ਨੇ ਬੇਹੱਦ ਮਸੀਬਤਾਂ ਝੱਲਕੇ ਦੇਸ਼ ਵਾਸੀਆਂ ਨੂੰ ਜਿਸ ਦਲ-ਦਲ ਵਿੱਚੋਂ ਕਢਿਆ ਸੀ, ਮੌਜੂਦਾ ਪ੍ਰਚਾਰ ਪ੍ਰਣਾਲੀ ਅਤੇ ਪ੍ਰਬੰਧਕ ਸਿਸਟਮ ਮਨੁੱਖ ਨੂੰ ਮੁੜ ਉਸੇ ਅੰਧਕਾਰ ਵੱਲ ਧਕੇਲ ਰਿਹਾ ਹੈ। ਇਹ ਬੜੇ ਦੁਖ ਤੇ ਹੈਰਾਨੀ ਦੀ ਗਲ ਹੈ ਕਿ ਦੂਸਰੇ ਧਰਮਾ ਵਿੱਚ ਪ੍ਰਮਾਤਮਾ ਪ੍ਰਤੀ ਭੁਲੇਖੇ ਕਢਣ ਵਾਲਾ ਸਿੱਖ ਧਰਮ ਖੁਦ ਕਰਮ-ਕਾਂਡਾਂ ਦਾ ਗੋਰਖ ਧੰਦਾ ਬਣ ਗਿਆ ਹੈ। ਪਾਠ ਪੂਰਤੀ ਕਰਨ ਵਾਲੀ ਸਿੱਖ ਕੌਮ ਪ੍ਰਮਾਤਮਾ ਦਾ ਚਿੰਤਨ ਛਡਕੇ ਐਸਾ ਕਿਹੜਾ ਕਰਮ ਹੈ ਜੋ ਨਹੀਂ ਕਰਦੀ। ਧਾਰਮਿਕ ਸਾਧਨਾ ਕਰਮਕਾਂਡਾਂ ਤੇ ਟਿਕੀ ਹੋਣ ਕਰਕੇ ਫੋਕਟ ਦੀ ਸ਼ਰਧਾ ਨੇ ਸਿੱਖ ਨੂੰ ਸੱਚਾਈ ਤੋਂ ਕੋਹਾਂ ਦੂਰ ਕਰ ਦਿੱਤਾ ਹੈ। ਜਿਸ ਦਾ ਮੁੱਖ ਕਾਰਣ ਪ੍ਰਚਾਰ ਪ੍ਰਣਾਲੀ ਹੈ। ਹੁਣ ਤੁਸੀਂ ਗੁਰਮੱਤ ਦੀ ਵਿਚਾਰ ਵਿੱਚ ਅਬੁਦੁਲ ਤਰਾਨੀ ਦਾ ਹਵਾਲਾ ਦੇਕੇ ਸਿੱਖ ਸੰਗਤ ਨੂੰ ਹੋਰ ਭੰਬਲ ਭੂਸੇ ਵਿੱਚ ਪਾ ਰਹੇ ਹੋ। ਇਹ ਤੁਸੀਂ ਵੀ ਭਲੀ ਪ੍ਰਕਾਰ ਜਾਣਦੇ ਹੋ ਕਿ ਗੁਰੂ ਦਸ਼ਮ ਪਾਤਸ਼ਾਹ ਤਕ ਸਿੱਖ ਗੁਰੂਆਂ ਨੂੰ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਪਰੱਖ ਦੀ ਕਸੌਟੀ ਤੋਂ ਲੰਗਣਾ ਪਿਆ। ਪਰ ਗੁਰੂ ਦਸ਼ਮ ਪਾਤਸ਼ਾਹ ਨੇ ਖਾਲਸੇ ਨੂੰ ਆਪਣਾ ਰੂਪ ਦੇਣ ਵਾਸਤੇ ਜੋ ਢੰਗ ਤਰੀਕਾ ਵਰਤਿਆ, ਉਸ ਦੀ ਕਿਸੇ ਨੂੰ ਭਿਣੱਕ ਤੱਕ ਨਹੀਂ ਸੀ ਪੈਣ ਦਿੱਤੀ। ਐਸੀ ਪੱਰਖ ਸ਼ਾਇਦ ਧਰਮ ਦੀ ਦੁਨੀਆਂ ਦੇ ਅਤਿਹਾਸ ਵਿੱਚ ਐਸਾ ਪਹਿਲੀ ਵਾਰ ਹੋਈ ਹੋਵੇਗੀ, ਅਤੇ ਪੱਰਖ ਦੇ ਢੰਗ ਨੂੰ ਭਾਵੇਂ ਗੁਰੂ ਦਸ਼ਮ ਪਾਤਸ਼ਾਹ ਨੇ ਆਪ ਪਰਦੇ ਵਿਚ ਰਖਿਆ, ਪਰ ਤੁਸੀਂ ਗੁਰਮੱਤ ਦੇ ਲੇਖ ਨੂੰ ਪ੍ਰਭਾਵੀ ਬਨਾਉਣ ਵਾਸਤੇ ਜੋ ਅਬੁਦੁਲ ਤਰਾਨੀ ਦਾ ਸਹਾਰਾ ਲਿਆ ਹੈ ਕਿਸੇ ਤਰਾਂ ਵੀ ਠੀਕ ਨਹੀਂ। ਜਿਸ ਵਿੱਚ ਪੰਜ ਸਿਖਾਂ ਦੇ ਸਿਰ ਧੜ ਤੋਂ ਅੱਲਗ ਕਰਕੇ ਦੇਹਾਂ (ਸਰੀਰ) ਨੂੰ ਕਪੜੇ ਨਾਲ ਢਕਣ ਦਾ ਹਵਾਲਾ ਦਿੱਤਾ ਗਿਆ ਹੈ। ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਬੇਹਿਆਤ (ਅੰਮ੍ਰਿਤ) ਪਿਆਕੇ ਪੰਜ ਸਿੰਖਾਂ ਨੂੰ ਜੀਉਂਦਾ ਕਰਨ ਦੀ ਆਪ ਜੀ ਨੇ ਜੋ ਛਾਪ ਲਾਈ ਹੈ ਗੁਰੂ ਦਸ਼ਮ ਪਾਤਸ਼ਾਹ ਦੀ ਖੁਦਦਾਰੀ ਤੇ ਆਂਚ ਹੈ। ਸਿੱਖ ਕੌਮ ਤਾਂ ਪਹਿਲਾਂ ਹੀ ਅੰਧ-ਵਿਸ਼ਵਾਸੀ ਵਿਚ ਜੀਉਂਣ ਦੀ ਆਦੀ ਬਣ ਰਹੀ ਹੈ, ਹੁਣ ਪ੍ਰਚਾਰ ਪ੍ਰਣਾਲੀ ਵੀ ਸਿੱਖ ਮੱਤ ਨੂੰ ਕਰਾਮਾਤੀ ਰੰਗ ਦੇਣ ਤੇ ਤੁਲੀ ਹੋਈ ਹੈ, ਜੋ ਸਿੱਖ ਧਰਮ ਲਈ ਖਤਰੇ ਦੀ ਘੰਟੀ ਹੈ। ਜਰਾ ਸੰਜੀਦਗੀ ਨਾਲ ਸੋਚੋ ਜੇਕਰ ਪ੍ਰਚਾਰ ਪ੍ਰਣਾਲੀ ਨੇ ਗੁਰੂ ਇਤਿਹਾਸ ਨੂੰ ਭੰਬਲ ਭੂਸੇ ਵਿੱਚ ਪਾਉਣ ਦਾ ਰੁਖ ਨਾ ਬਦਲਿਆ, ਤਾਂ ਉਹ ਦਿਨ ਦੂਰ ਨਹੀਂ ਜਦ ਗੁਰੂਆਂ ਦੇ ਜੀਵਨ ਦੀ ਜਾਣਕਾਰੀ ਲਈ ਮਨੁੱਖ ਨੂੰ ਗੁਰਬਾਣੀ ਦਾ ਹੀ ਸਹਾਰਾ ਲੈਣਾ ਪਵੇਗਾ। ਸੱਚਾਈ ਨੂੰ ਛਪਾਉਣਾ, ਸਿੱਖ ਸੇਵਕਾਂ ਨੂੰ ਹਨੇਰੇ ਤੇ ਅਗਿਆਨਤਾ ਵਿਚ ਰੱਖਣ ਬਰਾਬਰ ਹੈ। ਕਿਉਕਿ ਆਪਾ ਵਾਰਨ ਦੀ ਜੋ ਪ੍ਰੀਖਿਆ ਗੁਰੂ ਦਸ਼ਮ ਪਾਤਸ਼ਾਹ ਨੇ ਅੰਮ੍ਰਿਤ ਦੀ ਦਾਤ ਦੇਣ ਸਮੇਂ ਲਈ ਸੀ, ਸਿੱਖ ਨੂੰ ਗੁਰੂ ਪਿਆਰ ਦਾ ਪਾਤਰ ਬਣਨ ਵਾਸਤੇ ਉਸੇ ਪੱਰਖ ਦੀ ਕਸੌਟੀ ਤੋਂ ਲੰਘਣਾ ਹੀ ਪਵੇਗਾ। ਤੁਹਾਨੂੰ ਯਾਦ ਹੋਣਾ ਚਾਹੀਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਤੋਂ ਪਹਿਲਾਂ ਜਿਹੜਾ ਮਨੁੱਖ ਪਸ਼ੂ ਜੀਵਨ ਜੀਉ ਰਿਹਾ ਸੀ, ਪਰਉਪਕਾਰੀ ਗੁਰੂਆਂ ਨੇ ਮਨੁੱਖ ਨੂੰ ਇੰਨਾਂ ਜਾਗਰੂਕ ਕੀਤਾ ਕਿ ਗੁਰੂ ਦਸ਼ਮ ਪਾਤਸ਼ਾਹ ਸਮੇਂ ਉਸੇ ਮਨੁੱਖ ਵਿਚ ਗੁਰੂ ਸਾਹਿਬ ਨੂੰ ਟੋਕਣ ਦੀ ਜੁਅਰੱਤ ਆ ਗਈ ਸੀ। ਪਰ ਅਜ ਸਿੱਖ ਕੌਮ ਦੀ ਜੋ ਉਲਟੀ ਗਿਣਤੀ ਸ਼ੁਰੂ ਹੋ ਗਈ ਹੈ, ਉਸ ਦੇ ਪੂਰੇ ਦੋਸ਼ੀ ਪ੍ਰਚਾਰਕ ਹਨ। ਇਸ ਕਰਕੇ ਪ੍ਰਚਾਰਕਾਂ ਨੂੰ ਲਕੀਰ ਦੇ ਫਕੀਰ ਨਹੀਂ ਬਣਨਾ ਚਾਹੀਦਾ। ਗਲ ਤਾਂ ਮਨੁੱਖ ਨੂੰ ਨਰੋਈ ਦਿੱਖ ਦੇਣ ਦੀ ਹੈ। ਗਲ ਤਾਂ ਇਕ ਸਚਿਆਰਾ ਮਨੁੱਖ ਬਣਨ ਦੀ (ਜੀਵਤ ਮਰਿਹ ਦਰਗਾਹ ਪ੍ਰਵਾਨ) ਅਤੇ ਸੱਚ (ਪਰਮਾਤਮਾ) ਨਾਲ ਜੋੜਨ ਦੀ ਹੈ। ਨਾ ਕਿ ਸ਼ਰਧਾਲੂ ਬਨਾਉਣ ਦੀ? ਸਿੱਖ ਧਰਮ ਦੇ ਸਥਾਪਤ ਹੋਣ ਤੋਂ ਪਹਿਲਾਂ ਸ਼ਰਧਾਲੂਆਂ ਦੀ**

ਕੋਈ ਕਮੀ ਨਹੀਂ ਸੀ। ਪਰ ਗਿਆਨ ਤੋਂ ਬਿਨਾਂ ਸ਼ਰਧਾ ਨੇ ਬਚਪਨ ਵਿੱਚ ਹੀ ਕਾਲ ਗ੍ਰਸਤ ਹੋ ਜਾਣਾ ਹੈ। ਇਸ ਕਰਕੇ ਨਿਮ੍ਰਤਾ ਸਹਿਤ ਬੇਨਤੀ ਹੈ ਕਿ ਸੱਚ ਦੇ ਗਿਆਨ ਨੂੰ ਪ੍ਰਭਾਵਹੀਣ ਕਰਨ ਵਾਲੀ ਲੇਖ ਸਮਗਰੀ. ਜੋ ਗੁਰਮੱਤ ਦੇ ਅਨੁਕੂਲ ਨਹੀਂ, ਪਾਠਕਾਂ ਦੇ ਰੂਬਰੂ ਕਰਨ ਤੋਂ ਪਹਿਲਾਂ ਚੰਗੀ ਤਰਾਂ ਘੋਖ ਲਿਆ ਕਰੋ। ਤਾਂ ਜੋ ਕਿਸੇ ਭੁਲੇਖੇ ਵਿੱਚ ਸਿੱਖ ਸੇਵਕ ਸਤਿਧਰਮ ਦਾ ਰਾਹ ਹੀ ਨਾ ਭਟੱਕ ਜਾਣ?

ਮਿਤੀ **6** ਮਈ **2003** ਜਗਦੀਸ਼ ਸਿੰਘ ਕੋਟਲੀ

**Web Site : NavYugChetnaSamaj.com**
**Email Address: JsKotli@NavYugChetnaSamaj.com**
**Address: 1718/4 Gobind Puri Extn. Kalka Ji,**
**New Delhi - 110019**
**Phone: Delhi – 011 – 26023561, USA 626 445-2740**